# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਾਲਾਨਾ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ / ਕਾਰਗੁਜਾਰੀ ਵਧਾਉਣ ਲਈ ਬਾਰ੍ਹਵੀਂ ਸ਼੍ਰੇਣੀ ਦਾ ਨਤੀਜਾ ਮਿਤੀ 30-04-2024 ਨੂੰ ਘੋਸ਼ਿਤ ਕੀਤਾ ਜਾ ਚੁੱਕਾ ਹੈ । ਇਨ੍ਹਾਂ ਪਰੀਖਿਆਵਾਂ ਨਾਲ ਸਬੰਧਤ ਪਰੀਖਿਆਰਥੀ ਜੇਕਰ ਰੀ –ਚੈਕਿੰਗ ਕਰਵਾਉਣਾ ਚਾਹੁੰਦੇ ਹਨ ਤਾਂ ਆਨ –ਲਾਈਨ ਫਾਰਮ ਅਤੇ ਫੀਸ ਭਰਨ ਲਈ ਮਿਤੀ 03-05-2024 ਤੋਂ 17-05-2024 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਪਰੀਖਿਆਰਥੀ ਆਨ –ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਇਸ ਦਾ ਪ੍ਰਿੰਟ ਆਪਣੇ ਕੋਲ ਰੱਖਣ। ਹਾਰਡ ਕਾਪੀ ਦਫ਼ਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀਂ ਹੈ। ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬੱਧ ਹੈ ।

02/05/24

(ਮਨਮੀਤ ਸਿੰਘ ਭੱਠਲ)
ਉੱਪ ਸਕੱਤਰ (ਸੀਨੀ.ਸੈਕੰ./ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ

**ਪੰਜਾਬ ਸਕੂਲ ਸਿੱਖਿਆ ਬੋਰਡ**

Print Date:
Date of Submitting

ਬਾਰ੍ਹਵੀਂ ਸ਼੍ਰੇਣੀ ਫਰਵਰੀ / ਮਾਰਚ 2024 ਦੀਆਂ ਸਾਲਾਨਾ ਪਰੀਖਿਆਵਾਂ (ਸਮੇਤ ਓਪਨ ਸਕੂਲ) ਦੀ ਉੱਤਰ ਪੱਤਰੀ ਦੀ ਰੀ-ਚੈਕਿੰਗ ਲਈ ਬਿਨੈ-ਪੱਤਰ।

Ref No.......................... Set No:-

| | | | |
|---|---|---|---|
| ਰੋਲ ਨੰਬਰ | | ਸਾਲ/ਸੈਸ਼ਨ | |
| ਗਰੁੱਪ | | ਕੈਟਾਗਰੀ | |
| ਪਰੀਖਿਆਰਥੀ ਦਾ ਨਾਂ | | ਪਿਤਾ ਦਾ ਨਾਂ | |
| ਫੋਨ/ਮੋਬਾਇਲ ਨੰ: | | ਈ.ਮੇਲ | |
| ਪਰੀਖਿਆ ਕੇਂਦਰ/ਕਾਲਜ/ਸਕੂਲ ਦਾ ਨਾਂ | | | |

ਘੋਸ਼ਿਤ ਹੋਇਆ ਨਤੀਜਾ (ਵਿਸ਼ਿਆਂ ਦੇ ਵੇਰਵੇ)

| Sr. No. | Subject | Obt. Marks | Rechecking | Get Answer sheet copy | Total Fees |
|---|---|---|---|---|---|
| | | | | | |

ਬਿਨੈਕਾਰ ਦੀ ਹੱਥ ਲਿਖਤ ਨਮੂਨਾ:-..................................................................................................................
......................................................................................................................................................
......................................................................................................................................................

Candidate Address:-

ਪਰੀਖਿਆਰਥੀ ਦੇ ਹਸਤਾਖਰ

| 1. ਪੱਤਰ ਵਿਹਾਰ ਲਈ ਪਤਾ | 2. ਪੱਤਰ ਵਿਹਾਰ ਲਈ ਪਤਾ |
|---|---|
| | |

## ਪੰਜਾਬ ਸਕੂਲ ਸਿੱਖਿਆ ਬੋਰਡ

### ਰੀ-ਚੈਕਿੰਗ ਸਬੰਧੀ ਵਿਨਿਯਮ ਅਤੇ ਹਦਾਇਤਾਂ

1. ਬੋਰਡ ਵੱਲੋਂ ਨਤੀਜਾ ਐਲਾਨੇ ਜਾਣ ਤੋਂ ਬਾਅਦ ਰੀ-ਚੈਕਿੰਗ ਦੇ ਸਡਿਊਲ ਅਨੁਸਾਰ ਫਾਰਮ/ਫੀਸ ਆਨ-ਲਾਈਨ ਹੀ ਜਮ੍ਹਾਂ ਕਰਵਾਈ ਜਾਵੇ। ਇਸ ਉਪਰੰਤ ਰੀ-ਚੈਕਿੰਗ ਫਾਰਮ/ਫੀਸ ਦਾ ਪ੍ਰਿੰਟ ਪ੍ਰੀਖਿਆਰਥੀ ਆਪਣੇ ਕੋਲ ਰੱਖੇਗਾ। ਦਫਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀ ਹੈ।

2. ਰੀ-ਚੈਕਿੰਗ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ:-

- ਕੀ ਉੱਤਰ-ਪੱਤਰੀਆਂ ਦਾ ਕਲਿੱਪ ਠੀਕ ਲੱਗਾ ਹੈ, ਭਾਵ ਉਸ ਵਿੱਚੋਂ ਕੋਈ ਪੰਨਾਂ ਨਿਕਲਿਆ, ਫਟਿਆ ਜਾਂ ਬਦਲਿਆ ਤਾਂ ਨਹੀਂ ਅਤੇ ਉੱਤਰ-ਪੱਤਰੀ ਦੇ ਪੰਨਿਆਂ ਦੀ ਗਿਣਤੀ ਪੂਰੀ ਹੈ।
- ਕੀ ਉੱਤਰ ਪੱਤਰੀ ਤੇ ਦਰਜ ਸਾਰੇ ਪ੍ਰਸ਼ਨ-ਉੱਤਰ ਪਰੀਖਿਅਕ ਵੱਲੋਂ ਮਾਰਕ ਕੀਤੇ ਗਏ ਹਨ।
- ਕੀ ਉੱਤਰ-ਪੱਤਰੀ ਤੇ ਦਰਜ ਸਾਰੇ ਪ੍ਰਸ਼ਨਾਂ ਲਈ ਦਿੱਤੇ ਅੰਕਾਂ ਦਾ ਕੁੱਲ ਜੋੜ, ਉੱਤਰ-ਪੱਤਰੀ ਦੇ ਮੁੱਢਲੇ (Title) ਪੰਨੇ ਤੇ ਠੀਕ ਲਿਖਿਆ ਹੈ।

3. ਨਿਰਧਾਰਿਤ ਕੀਤੀ ਰੀ-ਚੈਕਿੰਗ ਦੀ ਫੀਸ ਤੋਂ ਬਿਨ੍ਹਾ ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਭਾਵ ਅਜਿਹੇ ਫਾਰਮ ਬਿਨ੍ਹਾ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। ਰੀ-ਚੈਕਿੰਗ ਦੀ ਜਮ੍ਹਾ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ/ ਐਡਜਸਟ ਨਹੀਂ ਹੋਵੇਗੀ।

4. ਰੀ-ਚੈਕਿੰਗ ਦੀ ਫੀਸ 500/-ਰੁਪਏ ਪ੍ਰਤੀ ਉੱਤਰ-ਪੱਤਰੀ ਹੈ।

5. ਪਰੀਖਿਆਰਥੀ ਵੱਲੋਂ ਉੱਤਰ-ਪੱਤਰੀ ਦੀ ਫੋਟੋ ਕਾਪੀ ਦੀ ਮੰਗ ਤੇ ਪ੍ਰੋਸੈਸਿੰਗ ਫੀਸ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਉੱਤਰ-ਪੱਤਰੀ ਦੀ ਫੋਟੋ ਕਾਪੀ ਪ੍ਰਾਪਤ ਕਰਨ ਲਈ ਪ੍ਰੋਸੈਸਿੰਗ ਫੀਸ | 500/-ਰੁਪਏ ਅਤੇ 2/-ਰੁਪਏ ਪ੍ਰਤੀ ਪੰਨਾ (ਫੋਟੋ ਕਾਪੀ) |

6. ਰੀ-ਚੈਕਿੰਗ ਫੀਸ ਅਤੇ ਪ੍ਰੋਸੈਸਿੰਗ ਫੀਸ (ਦੋਨਾਂ ਦੀ ਫੀਸ) ਭਰਨ ਤੇ ਉੱਤਰ-ਪੱਤਰੀ ਕੇਵਲ ਪਰੀਖਿਆਰਥੀ ਨੂੰ ਹੀ ਵਿਖਾਈ ਜਾਵੇਗੀ। ਜੇਕਰ ਰੀ-ਚੈਕਿੰਗ ਉਪਰੰਤ ਉੱਤਰ-ਪੱਤਰੀ ਦੀ ਫੋਟੋ ਕਾਪੀ ਲੈਣੀ ਹੈ ਤਾਂ ਵਾਧੂ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪਹਿਲਾਂ ਦਿੱਤੇ ਨਿਰਧਾਰਿਤ ਮਿਤੀਆਂ/ਸਡਿਊਲ ਅਨੁਸਾਰ ਹੀ ਅਪਲਾਈ ਕਰਨਾ ਪਵੇਗਾ।

7. ਰੀ-ਚੈਕਿੰਗ ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਬੋਰਡ ਦੀ ਪਰੀਖਿਆ ਸ਼ਾਖਾ ਵੱਲੋਂ ਕਰਵਾਈ ਜਾਵੇਗੀ ਅਤੇ ਪਰੀਖਿਆਰਥੀ ਨੂੰ ਸਬੰਧਤ ਪਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਸਰਟੀਫਿਕੇਟ ਜਮ੍ਹਾ ਕਰਵਾਕੇ ਨਵਾਂ ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਇਸ ਲਈ ਅਸਲ ਸਰਟੀਫਿਕੇਟ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਭੇਜਿਆ ਜਾਵੇ।

8. ਰੀ-ਚੈਕਿੰਗ ਦਾ ਫਾਰਮ ਭਰਨ ਦੀ ਮਿਤੀ: 03-05-2024 ਤੋਂ 17-05-2024 ਤੱਕ

9. ਰੀ-ਚੈਕਿੰਗ ਦਾ ਨਤੀਜਾ ਮਿਤੀ 24-06-2024 ਤੱਕ ਬੋਰਡ ਦੀ ਵੈੱਬ-ਸਾਈਟ (pseb.ac.in) ਤੇ ਦੇਖਿਆ ਜਾ ਸਕਦਾ ਹੈ।